ਓ ਗੀਤਾਂ ਵਾਲਿਆ!

ਅੰਮ੍ਰਿਤ ਕੌਰ

ਲਾਹੌਰ ਬੁਕ ਸ਼ਾਪ
ਨਿਸਬਤ ਰੋਡ ਲਾਹੌਰ

The author strictly reserves all rights of Translation, Reproduction, Reference, etc.

891.421
M ६२ B
27981.

AUGUST 1942.

Published by
Jiwan Singh, M., A. Proprietor, Lahore Book Shop,
Nisbet Road, Lahore.
Printed at
The Commercial Printing Works, Sham Nagar,
Chauburiji, Lahore, by Ram Saran Das.

ਓ ਗੀਤਾਂ ਵਾਲਿਆ !

ਓ ਗੀਤਾਂ ਵਾਲਿਆ !
ਤੇਰੇ ਗੀਤ ਅਨੰਤ ਨੇ–ਕਿਉਂਕਿ ਤੂੰ ਅਨੰਤ ਏਂ ।
ਤੇਰੇ ਗੀਤਾਂ ਦੀ ਗੂੰਜ ਸਦੀਵੀ ਏ–ਕਿਉਂਕਿ ਤੇਰੇ ਗੀਤ ਸਦੀਵੀ ਨੇ ।
ਓ ਗੀਤਾਂ ਵਾਲਿਆ !
ਤੇਰੇ ਘੜੇ ਹੋਏ ਗੀਤ ਦਿਸਦੇ ਨੇ,
ਪਰ ਘੜਨ ਹਾਰਿਆ ਤੇਰੇ ਨਕਸ਼ ਨਹੀਂ ਦਿਸਦੇ ।
ਤੇਰਾ ਸੰਗੀਤ ਦਿਸਦਾ ਏ, ਤੇਰਾ ਗਲਾ ਨਹੀਂ ਦਿਸਦਾ ।
ਤੇਰੀ ਵੀਣਾ ਦਿਸਦੀ ਏ–
ਪਰ ਉਨ੍ਹਾਂ ਉਤੇ ਖੇਡਣ ਵਾਲੀਆਂ ਤੇਰੀਆਂ ਉਂਗਲਾਂ ਨਹੀਂ ਦਿਸਦੀਆਂ।
ਉਹ ਬੁੱਲ੍ਹ ਹੈ ਨਹੀਂ, ਪਰ ਬੋਲ ਬੋਲੀਂਦੇ ਨੇ ।
ਤੂੰ ਦਿਸਦਾ ਨਹੀਂ ਤੇਰੇ ਗੀਤ ਸੁਣੀਂਦੇ ਨੇ।

ਪਰ ਗੀਤਾਂ ਵਾਲਿਆ !
ਕੀ ਕੋਈ ਸੰਗੀਤ—ਕਿਸੇ ਗਲੇ ਦੀ ਤਸਵੀਰ ਨਹੀਂ ਹੁੰਦਾ ?
ਕੀ ਕਿਸੇ ਵੀਣਾ ਦੀ ਥਰਥਰਾਹਟ—
ਕਿਸੇ ਪੱਟਿਆਂ ਦੀ ਸ਼ਕਲ ਨਹੀਂ ਹੁੰਦੀ ?
ਕੀ ਫ਼ਸਲ ਦੇ ਦਾਣਿਆਂ ਵਿਚ ਧਰਤੀ ਦਾ ਦਿਲ ਨਹੀਂ ਧੜਕਦਾ ?
ਬੱਚਾ ਮਾਪਿਆਂ ਦੀ ਤਸਵੀਰ ਹੁੰਦਾ ਏ,
ਤੇਰੇ ਗੀਤ ਤਰੀ ਤਸਵੀਰ ਨੇ ।
ਤੇਰੇ ਹਰ ਜ਼ੱਰਰੇ ਨੂੰ ਕੌਨ ਲਾਇਆਂ ਤੇਰੇ ਗੀਤ ਧੜਕਦੇ ਨੇ
ਤੇਰੇ ਮੁੱਢ ਕਦੀਮੀ ਗੀਤ ।
ਤੇ ਤੇਰੇ ਹਰ ਗੀਤ ਵਿਚ ਤੂੰ, ਮੁੱਢ ਕਦੀਮੀ ਤੂੰ ।
ਹਵਾ ਪੱਤਿਆਂ ਦੇ ਕੰਨਾਂ ਵਿਚ ਆ ਕੇ ਕਹਿੰਦੀ ਏ—
"ਮੈਂ ਉਹਦੇ ਕੋਲੋਂ ਆਈ ਆਂ"
ਪੱਤੇ ਤੈਨੂੰ ਵੇਖਦੇ ਨਹੀਂ ਪਰ ਤੇਰਾ ਨਾਂ ਸੁਣ ਕੇ ਨੱਚ ਉਠਦੇ ਨੇ ।
ਓ ਮੇਰੀ ਸੁਆਮੀ ਰੂਹ !
ਮੈਂ ਤੈਨੂੰ ਤੱਕਿਆ ਨਹੀਂ—
ਪਰ ਕਦੇ ਕਦੇ ਤੇਰੇ ਝਉਲੇ, ਮੇਰ ਗੀਤ ਬਣ ਜਾਂਦੇ ਨੇ,
ਕਦੇ ਕਦੇ ਕਿਸੇ ਲੰਘਦੀ ਹਵਾ ਵਿਚੋਂ ਤੇਰਾ ਨਾਂ ਸੁਣੀ ਜਾਂਦਾ ਏ
ਦਿਲ ਪੱਤਿਆਂ ਵਾਂਗ ਨੱਚ ਉਠਦਾ ਏ ਤੇ ਨਦੀਆਂ ਵਾਂਗ ਗਾ ਉਠਦਾ ਏ ।
ਏਸ ਲਈ ਇਹ ਸਾਰੇ ਗੀਤ—
ਉਸ ਨੂੰ
ਜਿਸ ਵਿਚੋਂ ਤੇਰੇ ਝਾਉਲੇ ਪੈਂਦੇ ਨ ।

4th August 1942. ਅੰਮ੍ਰਿਤ ਕੌਰ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.